# **ਅਸੀਂ ਯਕੀਨੀ ਬਣਾਉਂਦੇ ਹਾਂ ਕਿ ਕਿਸੇ ਲੋੜਵੰਦ ਦਾ ਆਉਣ ਵਾਲਾ ਕੱਲ ਉਸਦੇ ਅੱਜ ਨਾਲੋਂ ਬਿਹਤਰ ਹੋਵੇ।**

21 ਅਪ੍ਰੈਲ 2018 ਟੋਰੰਟੋ ਕੈਨੇਡਾ
ਸਿੱਖ ਸੰਟੈਨੀਅਲ ਗਾਲਾ ਕੈਨੇਡਾ ਵਿਚਲੇ ਸਿਖਾਂ ਲਈ ਇਕ ਖਾਸ ਸਮਾਰੋਹ ਹੈ। ਹਰ ਸਾਲ ਇਸ ਪ੍ਰੋਗਰਾਮ ਵਿਚ ਅਗਾਂਹਵਧੂ, ਕਾਮਯਾਬ ਵਿਅਕਤੀ ਜਿਹੜੇ ਹੋਰਾਂ ਲਈ ਪ੍ਰੇਰਣਾ ਦਾ ਸਰੋਤ ਬਣਦੇ ਹਨ, ਉਹਨਾਂ ਦਾ ਮਾਣ-ਸਨਮਾਨ ਕੀਤਾ ਜਾਂਦਾ ਹੈ। ਇਹ ਉਹ ਵਿਅਕਤੀ ਜਾਂ ਸੰਸਥਾਵਾਂ ਹੁੰਦੀਆਂ ਹਨ ਜਿਹਨਾਂ ਦੀ ਆਪਣੀ ਕੋਈ ਪਛਾਣ ਹੁੰਦੀ ਹੈ ਅਤੇ ਇਹ ਸਿੱਖੀ ਸਿਧਾਂਤਾਂ ਦੇ ਪਹਿਰੇਦਾਰ ਹੁੰਦੇ ਹਨ। "ਯੂਨਾਈਟਿਡ ਸਿੱਖ਼ਸ ਦੁਨੀਆਂ ਭਰ ਵਿਚ ਬਹੁਤ ਲੋੜਵੰਦਾਂ ਦੀ ਮਦਦ ਕਰ ਰਿਹਾ ਹੈ, ਜਿਸ ਕਰਕੇ ਇਹ ਆਪਣੇ ਕੰਮਾਂ ਕਰਕੇ ਸਨਮਾਨ ਦੇ ਹੱਕਦਾਰ ਹਨ", ਇਹ ਸ਼ਬਦ ਸਨ ਸੰਟੈਨੀਅਲ ਗਾਲਾ ਕਮੇਟੀ ਚੇਅਰ ਮਨਰਾਜ ਮੁਕੜ ਦੇ। ਸਮਰੋਹ ਦੀ ਇਕ ਝਲਕ ਦੇਖਣ ਲਈ ਇੱਥੇ ਕਲਿਕ ਕਰੋ:




(ਤਸਵੀਰ ਵਿਚ ਖੱਬਿਉਂ ਸੱਜੇ: ਮਨਿੰਦਰ ਸਿੰਘ, ਸਨ ਕੌਰ, ਹਰਵਿੰਦਰ ਕੌਰ, ਤਨਬੀਰ ਕੌਰ, ਜਸਵਿੰਦਰ ਕੌਰ ਅਤੇ ਸੁਖਵਿੰਦਰ ਸਿੰਘ)

ਅੰਤਰਰਾਸ਼ਟਰੀ ਪੱਧਰ ਤੇ ਮਨੁੱਖਤਾ ਦੀ ਭਲਾਈ ਲਈ ਹੋ ਰਹੇ ਕੰਮਾਂ ਕਰਕੇ ਯੂਨਾਈਟਿਡ ਸਿੱਖਸ ਨੂੰ ਸਨਮਾਨਿਤ ਕਰਨ ਲਈ ਸਿੱਖ ਫਾਊਂਡੇਸ਼ਨ ਦਾ ਧੰਨਵਾਦ ਹੈ। ਯੂਨਾਈਟਿਡ ਸਿਖਸ ਦੇ ਸੇਵਾਦਾਰ ਦੁਨੀਆਂ ਦੇ ਕੋਨੇ-ਕੋਨੇ ਵਿਚ ਦਿਨ-ਰਾਤ ਸੇਵਾ ਦੁਆਰਾ ਇਸ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ ਕਿ ਕਿਸੇ ਲੋੜਵੰਦ ਦਾ ਆਉਣ ਵਾਲਾ ਕੱਲ ਉਹਨਾਂ ਦੇ ਅੱਜ ਨਾਲੋਂ ਚੰਗਾ ਹੋ ਸਕੇ। ਯੂਨਾਈਟਿਡ ਸਿੱਖ਼ਸ

ਅੱਜ ਜਿਸ ਮੁਕਾਮ ਤੇ ਹੈ ਇਸ ਦਾ ਸਿਹਰਾ ਸਾਡੇ ਸੇਵਾਦਾਰਾਂ ਦੇ ਹੱਥ ਹੈ, ਦਾਨੀ ਸੱਜਣ ਅਤੇ ਸੇਵਾਦਾਰ ਸਾਡੀ ਨੀਂਹ ਹਨ।

"ਹਰ ਇਕ ਸੇਵਾਦਾਰ ਆਪਣੀ ਸੇਵਾ ਦੁਆਰਾ ਵਡਮੁਲਾ ਯੋਗਦਾਨ ਪਾ ਰਿਹਾ ਹੈ। ਅਸੀਂ ਸਾਡੇ ਭਾਈਚਾਰਿਆਂ ਨੂੰ ਸੇਵਾ ਦੁਆਰਾ ਨਜ਼ਦੀਕ ਲਿਆ ਰਹੇ ਹਾਂ, ਅਤੇ ਦੁਨੀਆਂ ਨੂੰ ਦੱਸ ਰਹੇ ਹਾਂ ਕਿ ਸੇਵਾ ਦੇ ਇਕ ਛੋਟੇ ਤੋਂ ਛੋਟੇ ਕਾਰਜ ਦੁਆਰਾ ਅਸੀਂ ਆਪਣੇ ਦੇਸ਼ ਨੂੰ ਅਤੇ ਇਸ ਦੁਨੀਆਂ ਨੂੰ ਇਕ ਵਧੀਆ ਥਾਂ ਬਣਾ ਸਕਦੇ ਹਾਂ", ਯੂਨਾਈਟਿਡ ਸਿੱਖਸ ਕੈਨੇਡਾ ਦੇ ਡਾਇਰੈਕਟਰ ਤਨਬੀਰ ਕੌਰ ਨੇ ਕਿਹਾ।

"ਸੇਵਾ ਸਾਡੇ ਖ਼ੂਨ ਵਿਚ ਹੈ, ਸਾਨੂੰ ਭੁੱਖਿਆਂ ਨੂੰ ਭੋਜਨ ਛਕਾਉਣਾ ਚਾਹੀਦਾ ਹੈ। ਉਹਨਾਂ ਦੀ ਮਦਦ ਕਰਕੇ ਜੋ ਤਸੱਲੀ ਮਿਲਦੀ ਹੈ ਉਹ ਮੈਨੂੰ ਨਵੀਂ ਤਾਕਤ ਦਿੰਦੀ ਹੈ ਕਿ ਇਹ ਸੇਵਾ ਮੈਂ ਲਗਾਤਾਰ ਪਾਰਕਡੇਲ ਐਕਟੀਵਿਟੀ ਰੀਕ੍ਰੇਸ਼ਿਅਨ ਸੈਂਟਰ ਕੁਈਨ ਸਟਰੀਟ ਵੈਸਟ ਤੇ ਕਰਦੀ ਰਹਾਂ", ਇਹ ਸ਼ਬਦ ਸਨ ਯੂਨਾਈਟਿਡ ਸਿੱਖਸ ਕੈਨੇਡਾ ਦੇ ਫੀਡ ਦਾ ਹੰਗਰੀ ਪ੍ਰੋਜੈਕਟ ਕੋਆਰਡੀਨੇਟਰ ਜਸਵਿੰਦਰ ਕੌਰ ਦੇ।

"ਜਦੋਂ ਵੀ ਅਸੀਂ ਸ਼ੈਲਟਰ ਵਿਚ ਲੰਗਰ ਲੈਕੇ ਜਾਂਦੇ ਹਾਂ ਤਾਂ ਜੋ ਮੁਸਕਾਨ ਅਤੇ ਉਤਸ਼ਾਹ ਉਹਨਾਂ ਬੇਘਰੇ ਲੋਕਾਂ ਦੇ ਚੇਹਰਿਆਂ ਤੇ ਦੇਖਣ ਨੂੰ ਮਿਲਦਾ ਹੈ ਉਹ ਮੇਰੇ ਲਈ ਪ੍ਰੇਰਣਾ ਦਾ ਸਰੋਤ ਹੈ। ਮੈਂ ਇਸ ਸੰਸਥਾ ਨਾਲ ਤਿੰਨ ਸਾਲ ਪਹਿਲਾਂ ਜੁੜੀ ਹਾਂ ਅਤੇ ਮੈਂ ਲੋੜਵੰਦਾਂ ਦੀ ਲਗਾਤਾਰ ਮਦਦ ਕਰਦੀ ਰਹਾਂਗੀ", ਯੂਨਾਈਟਿਡ ਸਿੱਖਸ ਕੈਨੇਡਾ ਦੇ ਫੀਡ ਦਾ ਹੰਗਰੀ ਪ੍ਰੋਜੈਕਟ ਕੋਆਰਡੀਨੇਟਰ ਹਰਵਿੰਦਰ ਕੌਰ ਦੇ ਇਹ ਸ਼ਬਦ ਸਨ।
ਮਨਿੰਦਰ ਸਿੰਘ ਜਿਹੜੇ ਕਿ ਯੂਨਾਈਟਿਡ ਸਿੱਖਸ ਕੈਨੇਡਾ ਦੇ ਵਲੰਟੀਅਰਜ਼ ਦੇ ਡਾਇਰੈਕਟਰ ਹਨ ਨੇ ਆਪਣੇ ਵਿਚਾਰ ਦਿੰਦੇ ਹੋਏ ਕਿਹਾ ਕਿ ਸੇਵਾ ਕਰਨ ਨਾਲ ਜੋ ਤਸੱਲੀ ਅਤੇ ਆਤਮਿਕ ਸ਼ਾਂਤੀ ਮਿਲਦੀ ਹੈ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਸੇਵਾ ਦੇ ਦੌਰਾਨ ਮੈਂ ਆਪਣੇ ਆਪ ਨੂੰ ਆਪਣੇ ਗੁਰੂ ਦੇ ਹੋਰ ਨਜ਼ਦੀਕ ਮਹਿਸੂਸ ਕਰਦਾ ਹਾਂ।

"ਇਹ ਸਾਡਾ ਸਮਾਂ, ਦਾਨੀ ਸਜਣਾਂ ਦਾ ਦਸਵੰਧ ਅਤੇ ਆਪਸੀ ਤਾਲਮੇਲ ਹੈ ਜਿਹੜਾ ਸਾਨੂੰ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਯੂਨਾਈਟਿਡ ਸਿੱਖਸ ਇਹਨਾਂ ਤਿੰਨਾਂ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ। ਕਈ ਵਾਰ ਮੈਂ ਆਪਣੇ ਆਪ ਨੂੰ ਸੁਆਲ ਕਰਦਾ ਹਾਂ ਕਿ ਮੈਂ ਭੱਈਚਾਰੇ ਲਈ ਕੀ ਕਰਦਾ ਹਾਂ? ਕੀ ਮੈਂ ਆਪਣਾ ਸੇਵਾ ਦਾ ਹਿੱਸਾ ਪਾ ਰਿਹਾ ਹਾਂ? ਕੀ ਮੈਂ ਹੋਰ ਸੇਵਾ ਕਰ ਸਕਦਾ ਹਾਂ? ਇਕ ਸਿੱਖ ਹੋਣ ਦੇ ਨਾਤੇ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਮਨੁਖ਼ਤਾ ਦੀ ਭਲਾਈ ਵਿਚ ਆਪਣਾ ਯੋਗਦਾਨ ਪਾਈਏ ਅਤੇ ਸਾਡੇ ਗੁਰੂਆਂ ਦੁਆਰਾ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਸੰਦੇਸ਼ ਤੇ ਚਲੀਏ", ਯੂਨਾਈਟਿਡ ਸਿੱਖਸ ਕੈਨੇਡਾ ਦੇ ਡਾਇਰੈਕਟਰ ਸੁਖਵਿੰਦਰ ਸਿੰਘ ਨੇ ਆਪਣੇ ਵਿਚਾਰ ਦਿੰਦੇ ਹੋਏ ਕਿਹਾ।

ਯੂਨਾਈਟਿਡ ਸਿੱਖਸ ਯੂ.ਕੇ. ਦੇ ਡਾਇਰੈਕਟਰ ਸਨ ਕੌਰ ਜਿਹੜੇ ਕਿ ਕੈਨੇਡਾ ਆਏ ਹੋਏ ਸਨ ਉਹਨਾਂ ਨੇ ਆਪਣੇ ਵਿਚਾਰ ਦਿੰਦੇ ਹੋਏ ਕਿਹਾ,"ਅਸੀਂ ਉਹਨਾਂ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਚਾਨਣ ਭਰਦੇ ਰਹਾਂਗੇ ਜਿਹਨਾਂ ਨੂੰ ਆਲੇ-ਦੁਆਲੇ ਸਿਰਫ਼ ਹਨੇਰਾ ਹੀ ਦਿਸਦਾ ਹੈ। ਅਸੀਂ ਬੇਸਹਾਰਿਆਂ ਲਈ ਸਹਾਰਾ, ਨਿਰਾਸ਼ਾ ਵਿਚ ਆਸ ਦੀ ਕਿਰਣ ਅਤੇ ਗੂੰਗਿਆਂ ਲਈ ਅਵਾਜ਼ ਹਾਂ। ਅਸੀਂ ਇਹ ਸਭ ਦਿਆਲਤਾ, ਪਿਆਰ ਅਤੇ ਤੁਹਾਡੇ ਦੁਆਰਾ ਦਿਤੇ ਸਹਿਯੋਗ ਨਾਲ ਕਰਦੇ ਰਹਾਂਗੇ"।

ਯੂਨਾਈਟਿਡ ਸਿੱਖਸ ਦੀ ਗਲੋਬਲ ਟੀਮ ਵਲੋਂ ਅਸੀਂ ਸਿੱਖ ਫਾਊਂਡੇਸ਼ਨ ਕੈਨੇਡਾ ਦੁਆਰਾ ਦਿੱਤੇ ਇਸ ਸਨਮਾਨ ਲਈ ਅਤੀ ਧੰਨਵਾਦੀ ਹਾਂ ਕਿਉਂਕਿ ਇਸ ਤਰਾਂ ਦਾ ਮਾਣ ਸਨਮਾਨ ਸਾਡੇ ਦੁਆਰਾ ਕੀਤੇ ਜਾਂਦੇ ਕੰਮਾਂ ਨੂੰ ਪ੍ਰਮਾਣਿਕਤਾ ਦਿੰਦਾ ਹੈ ਅਤੇ ਸਾਨੂੰ ਹੋਰ ਜੁੰਮੇਵਾਰੀ ਅਤੇ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਣਾ ਦਿੰਦਾ ਰਹਿੰਦਾ ਹੈ।

ਜਾਰੀ ਕਰਤਾ:
ਯੂਨਾਈਟਿਡ ਸਿੱਖਸ ਗਲੋਬਲ ਟੀਮ